# ਪਾਠ–3

# (ਐਚ. ਟੀ. ਐਮ. ਐਲ. – II)

ਪ੍ਰਸ਼ਨ : 1–ਖਾਲੀ ਥਾਵਾਂ ਭਰੋ :–

ੳ) ਤੁਸੀਂ ਟੈਕਸਟ ਦੀਆਂ ਬਹੁਤੀਆਂ ਲਾਈਨਾਂ **ਟੈਕਸਟ ਏਰੀਆ** ਰਾਹੀਂ ਫਾਰਮ ਵਿੱਚ ਵਰਤ ਸਕਦੇ ਹੋ।

ਅ) ਇੱਕ ਫਾਰਮ ਵਿੱਚ ਕਈ ਵਿਕਲਪ ਚੋਣਨ ਲਈ ਅਸੀਂ **ਚੈਕ ਬਾਕਸ** ਦੀ ਵਰਤੋਂ ਕਰ ਸਕਦੇ ਹਾਂ।

ੲ) **<A>** ਟੈਗ ਨੂੰ ਕਿਸੇ ਵੈਬਪੇਜ਼ ਤੇ ਇੱਕ ਲਿੰਕ ਬਣਾਉਣ ਲਈ ਵਰਤਿਆ ਜਾਂਦਾ ਹੈ।

ਸ) **FORM** ਦਾ ਪ੍ਰਯੋਗ ਵੈਬ ਸਰਵਰ ਵਿੱਚ ਜਾਣਕਾਰੀ ਭਰਨ ਲਈ ਕੀਤਾ ਜਾਂਦਾ ਹੈ।

ਹ) ਇੱਕ ਫਾਰਮ ਤੋਂ ਸਾਰੇ ਵਿਕਲਪਾਂ ਨੂੰ ਸਾਫ ਕਰਨ ਲਈ ਅਸੀਂ **Reset** ਬਟਨ ਦੀ ਵਰਤੋਂ ਕਰ ਸਕਦੇ ਹਾਂ।

ਪ੍ਰਸ਼ਨ : 2– ਸਹੀ/ਗਲਤ ਚੁਣੋ :–

ੳ) ਇੱਕ ਅਣਵਿਜ਼ਟਿਡ ਲਿੰਕ ਅੰਡਰ ਲਾਈਨ ਹੁੰਦਾ ਹੈ ਅਤੇ ਇਸ ਦਾ ਰੰਗ ਨੀਲਾ ਹੁੰਦਾ ਹੈ। (ਸਹੀ)

ਅ) <input type="password"> ਟੈਕਸਟ ਬਾਕਸ ਵਿੱਚ ਸਟਾਰ ਦਿਖਾਏਗਾ। (ਸਹੀ)

ੲ) ਸ਼ਿਲੈਕਸ਼ਨ ਲਿਸਟ, ਡਰਾਪ ਡਾਊਨ ਲਿਸਟ ਨੂੰ ਦਿਖਾਉਣ ਲਈ ਵਰਤੀ ਜਾਂਦੀ ਹੈ। (ਸਹੀ)

ਪ੍ਰਸ਼ਨ : 3– ਬਹੁ ਚੋਣਵੇਂ ਪ੍ਰਸ਼ਨ :–

1. ਫਾਰਮ ਕਿਸ ਕੰਮ ਲਈ ਵਰਤਿਆ ਜਾਂਦਾ ਹੈ? **ਉਤੱਰ – ਯੁਜ਼ਰ ਤੋਂ ਇਨਪੁੱਟ ਲੈਣ ਲਈ**
2. ਕਿਹੜੀ ਸਭ ਤੋਂ ਵੱਧ ਆਮ ਵਰਤੀ ਜਾਣ ਵਾਲੀ HTTP ਵਿਧੀ ਹੈ ? **ਉੱਤਰ – PRE ਅਤੇ POST**
3. ਕੀ ਇੱਕ ਵੈਬਪੇਜ਼ ਵਿੱਚ ਲਿੰਕ ਸਥਾਪਿਤ ਕੀਤਾ ਜਾ ਸਕਦਾ ਹੈ ? **ਉਤੱਰ – ਹਾਂ**
4. ਕਿਹੜਾ ਟੈਗ ਇੱਕ ਸਿੰਗਲ ਇਨਪੁੱਟ ਆਈਟਮ ਵਿੱਚ ਟੈਕਸਟ ਦੀਆਂ ਬਹੁਤੀਆਂ ਲਾਈਨਾਂ ਨੂੰ ਆਗਿਆ ਦੇਣ ਲਈ ਵਰਤਿਆ ਜਾਂਦਾ ਹੈ। **ਉਤੱਰ – ਟੈਕਸਟ ਏਰੀਆ**
5. ਇੱਕ HTML ਫਾਰਮ ਇੱਕ ਵੈਬਪੇਜ਼ ਦਾ ਹਿੱਸਾ ਹੈ, ਜਿਸ ਵਿੱਚ ਉਹ ਸਥਾਨ ਸ਼ਾਮਲ ਹਨ, ਜਿੱਥੇ ਕਿ____
   **ਉੱਤਰ : (ੳ) ਜਾਣਕਾਰੀ ਉਪਭੋਗਤਾ ਦੁਆਰਾ ਫੀਡ ਕੀਤੀ ਜਾਂਦੀ ਹੈ (ਅ) ਵੈਬਸਾਈਟ ਸਰਵਰ ਤੇ ਭੇਜੀ ਜਾਂਦੀ ਹੈ।**

ਪ੍ਰਸ਼ਨ : 4– ਪੂਰੇ ਨਾਮ ਲਿਖੋ :–

<A> - Anchor

HERF - HYPER TEXT REFFERENCE

URL - UNIFORM RESOURCES LOCATOR

BGCOLOR - BACKGROUND COLOR

SRC - SOURCE

ਪ੍ਰਸ਼ਨ : 5– ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ :–

1. ਕਿਸੇ ਵੈਬਪੇਜ਼ ਨੂੰ ਲਿੰਕ ਕਰਨ ਲਈ ਕਿਹੜਾ ਟੈਗ ਵਰਤਿਆ ਜਾਂਦਾ ਹੈ ? **ਉਤੱਰ – <A>**
2. ਜਦੋਂ ਇੱਕ ਫਾਰਮ ਸਬਮਿਟ ਕੀਤਾ ਜਾਂਦ ਹੈ ਤਾਂ ਕਿਹੜਾ ਐਟਰੀਬਊਟ ਇਹ ਪਰਭਾਸ਼ਿਤ ਕਰਦਾ ਹੈ ਕਿ ਫਾਰਮ ਡਾਟਾ ਕਿੱਥੇ ਭੇਜਣਾ ਹੈ ? **ਉਤੱਰ – action**
3. ਇਹ ਵਿਧੀ ਉਪਯੋਗਕਰਤਾ ਦੁਆਰਾ URL ਪਾਥ ਦੀ ਵਰਤੋਂ ਕਰਕੇ ਫੀਡ ਡਾਟਾ ਐਨਕੋਡ ਕੀਤਾ ਜਾਂਦਾ ਹੈ ਅਤੇ ਸਰਵਰ ਨੂੰ ਭੇਜਿਆ ਜਾਂਦਾ ਹੈ । **ਉਤੱਰ – GET**

4. ਦਿੱਤੇ ਗਏ ਵੈਬ ਪੰਨੇ ਤੇ ਕੁਝ ਕਾਰਵਾਈ ਕਰਨ ਲਈ ਕੀ ਵਰਤਿਆ ਜਾਂਦਾ ਹੈ ? **ਉਤੱਰ – Button**

ਪ੍ਰਸ਼ਨ : 6 – ਛੋਟੇ ਉੱਤਰਾਂ ਵਾਲੇ ਪ੍ਰਸ਼ਨ :-

## ੳ) ਹਾਈਪਰਲਿੰਕ ਕੀ ਹੈ ?

ਉੱਤਰ : ਹਾਈਪਰਲਿੰਕ, **HTML** ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ। ਇਹ ਵੈਬਪੇਜ਼ ਵਿੱਚ ਇੱਕ ਟੈਕਸਟ ਜਾਂ ਤਸਵੀਰ ਦਾ ਲਿੰਕ ਦੂਜੇ ਟੈਕਸਟ ਜਾਂ ਤਸਵੀਰ ਨਾਲ ਦਿਖਾਉਂਦਾ ਹੈ। ਇਸ ਨੂੰ ਲਿੰਕ ਵੀ ਕਿਹਾ ਜਾਂਦਾ ਹੈ। ਬ੍ਰਾਊਜ਼ਰ ਲਿੰਕ ਨੂੰ ਨੀਲੇ ਰੰਗ ਵਿੱਚ ਦਿਖਾਉਂਦਾ ਹੈ।

## ਅ) ਲਿੰਕ ਦੀਆਂ ਕਿਸਮਾਂ ਬਾਰੇ ਦੱਸੋ।

ਉੱਤਰ : ਵੈਬਪੇਜ਼ ਤੇ ਲਿੰਕ ਬਣਾਉਣ ਦੇ ਵੱਖ-ਵੱਖ ਤਰੀਕੇ ਹੁੰਦੇ ਹਨ। ਇਹਨਾਂ ਤਰੀਕਿਆਂ ਨੂੰ ਹੀ ਲਿੰਕ ਦੀਆਂ ਕਿਸਮਾਂ ਕਿਹਾ ਜਾਂਦਾ ਹੈ। ਲਿੰਕ ਦੀਆਂ ਕੁਝ ਮੁੱਖ ਕਿਸਮਾਂ ਹੇਠ ਲਿਖੀਆ ਹਨ:-

1. ਇੱਕ ਵੈਬਪੇਜ਼ ਵਿੱਚ ਪਰਭਾਸ਼ਿਤ ਕੀਤੇ ਗਏ ਲਿੰਕ (**ਅੰਦਰੂਨੀ ਲਿੰਕ**)।
2. ਇੱਕ ਵੈਬਸਾਈਟ ਦੇ ਬਾਹਰ ਪਰਭਾਸ਼ਿਤ ਕੀਤੇ ਗਏ ਲਿੰਕ (**ਬਾਹਰੀ ਲਿੰਕ**)।
3. ਤਸਵੀਰ ਨੂੰ ਲਿੰਕ ਦੇ ਤੌਰ ਤੇ ਪਰਭਾਸ਼ਿਤ ਕਰਨਾ।
4. ਈਮੇਲ ਨਾਲ ਲਿੰਕ ਕਰਨਾ।

## ੲ) ਐਂਕਰ <A> ਟੈਗ ਕੀ ਹੁੰਦਾ ਹੈ ? ਉਦਾਹਰਣ ਦੇ ਕੇ ਸਮਝਾਓ।

ਉੱਤਰ : HTML ਵਿੱਚ ਐਂਕਰ <A> ਟੈਗ ਦੀ ਵਰਤੋਂ ਲਿੰਕ ਬਣਾਉਣ ਲਈ ਕੀਤੀ ਜਾਂਦੀ ਹੈ। <A> ਕੰਟੇਨਰ ਟੈਗ ਹੈ। ਇਹ <A> ਨਾਲ ਸ਼ੁਰੂ ਹੁੰਦਾ ਹੈ ਅਤੇ </A> ਨਾਲ ਖਤਮ ਹੁੰਦਾ ਹੈ। ਐਂਕਰ ਟੈਗ ਵਿੱਚ ਲਿੰਕ ਕੀਤੇ ਜਾਣ ਵਾਲੇ ਡਾਕੂਮੈਂਟ ਦਾ ਐਡਰੈਸ ਸੈਟ ਕਰਨ ਲਈ herf ਐਟਰੀਬਿਊਟ ਵਰਤਿਆ ਜਾਂਦਾ ਹੈ। ਉਦਾਹਰਣ ਲਈ <A herf="www.google.com"> Google </A>

## ਸ) ਇੱਕ ਫਾਰਮ ਕੀ ਹੁੰਦਾ ਹੈ ?

ਉੱਤਰ : ਵੈਬਪੇਜ਼ ਵਿੱਚ ਫਾਰਮ ਦੀ ਵਰਤੋਂ ਯੂਜ਼ਰ ਤੋਂ ਲੋੜੀਂਦੀ ਸੂਚਨਾ ਇਨਪੁੱਟ ਕਰਵਾਉਣ ਲਈ ਕੀਤੀ ਜਾਂਦੀ ਹੈ। ਫਾਰਮ ਇੱਕ ਕੰਟੇਨਰ ਟੈਗ ਹੈ। ਸੂਚਨਾ ਇਨਪੁੱਟ ਕਰਨ ਲਈ ਟੈਕਸਟ ਏਰੀਆ, ਚੈਕ ਬਾਕਸ, ਰੇਡੀਓ ਬਟਨ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਫਾਰਮ ਬਣਾਉਣ ਲਈ <Form> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਇਹ <Form> ਨਾਲ ਸ਼ੁਰੂ ਹੁੰਦਾ ਹੈ ਅਤੇ </Form> ਨਾਲ ਖਤਮ ਹੁੰਦਾ ਹੈ।

## ਹ) HTML ਫਾਰਮਾਂ ਵਿੱਚ ਵਰਤੇ ਜਾਣ ਵਾਲੇ ਵੱਖੋ-ਵੱਖਰੇ ਬਟਨਾਂ ਦੀ ਵਿਆਖਿਆ ਕਰੋ।

ਉੱਤਰ : ਬਟਨ **HTML** ਫਾਰਮਾਂ ਦੇ ਮਹੱਤਵਪੂਰਨ ਐਲੀਮੈਂਟਸ ਹੁੰਦੇ ਹਨ। ਇਹਨਾਂ ਦੀ ਵਰਤੋਂ ਵੈਬਪੇਜ਼ ਤੇ ਕੁਝ ਕਾਰਵਾਈ ਕਰਨ ਲਈ ਕੀਤੀ ਜਾਂਦੀ ਹੈ। **HTML** ਵਿੱਚ ਵਰਤੇ ਜਾਣ ਵਾਲੇ ਕੁਝ ਮਹੱਤਵਪੂਨ ਬਟਨ ਹੇਠ ਲਿਖੇ ਅਨੁਸਾਰ ਹਨ :-

1. ਸਬਮਿਟ (**SUBMIT**) ਬਟਨ :- ਇਸ ਬਟਨ ਦੀ ਵਰਤੋਂ ਡਾਟਾ ਫਾਰਮ ਨੂੰ ਵੈਬ ਸਰਵਰ ਕੋਲ ਭੇਜਣ ਲਈ ਕੀਤੀ ਜਾਂਦੀ ਹੈ।
2. ਰੀਸੈਟ (**Reset**) ਬਟਨ :- ਇਸ ਬਟਨ ਦੀ ਵਰਤੋਂ ਡਾਟਾ ਫਾਰਮ ਦੇ ਮੁੱਲਾਂ ਨੂੰ Clear ਕਰਨ ਲਈ ਕੀਤੀ ਜਾਂਦੀ ਹੈ।
3. ਬਟਨ (**BUTTON**) :- ਇਸ ਦੀ ਵਰਤੋਂ javascript ਫੰਕਸ਼ਨ ਕੋਡ ਨੂੰ ਵਰਤਣ ਲਈ ਕੀਤੀ ਜਾਂਦੀ ਹੈ।
4. ਇਮੇਜ (**IMAGE**) ਬਟਨ :- ਇਸ ਦੀ ਵਰਤੋਂ ਆਮ ਤੌਰ ਤੇ ਹਾਈਪਰਲਿੰਕ ਬਣਾਉਣ ਲਈ ਕੀਤੀ ਜਾਂਦੀ ਹੈ।

## ਕ) ਚੈੱਕਬਾਕਸ (CheckBox) ਕੀ ਹੁੰਦਾ ਹੈ ?

ਉੱਤਰ : ਚੈੱਕ ਬਾਕਸ **HTML** ਫਾਰਮਾਂ ਦੇ ਮਹੱਤਵਪੂਰਨ ਐਲੀਮੈਂਟਸ ਹੁੰਦੇ ਹਨ। ਇਸ ਦੀ ਵਰਤੋਂ ਇੱਕ ਸਮੇਂ ਵਿੱਚ ਇੱਕ ਤੋਂ ਵੱਧ ਆਪਸ਼ਨਾਂ ਦੀ ਚੋਣ ਕਰਨ ਲਈ ਕੀਤੀ ਜਾਂਦੀ ਹੈ। ਇਹ ਇੱਕ ਛੋਟੇ ਜਿਹੇ ਵਰਗ ਵਰਗੇ ਹੁੰਦੇ ਹਨ, ਜਿਸ ਵਿੱਚ ਯੂਜ਼ਰ ਕਲਿੱਕ ਕਰਕੇ ਸਿਲੈਕਟ ਜਾਂ ਡੀਸਿਲੈਕਟ ਕਰ ਸਕਦਾ ਹੈ। **<input>** ਟੈਗ ਦੀ ਵਰਤੋਂ ਕਰਕੇ ਚੈੱਕਬਾਕਸ ਬਣਾਏ ਜਾਂਦੇ ਹਨ। ਉਦਾਹਰਣ ਲਈ :-

**<input type="checkbox" name="hindi"> Hindi**
**<input type="checkbox" name="punjabi"> Punjabi**

## ਖ)	ਫਾਰਮ ਵਿੱਚ ਸਿਲੈਕਸ਼ਨ ਸੂਚੀ ਕੀ ਹੁੰਦੀ ਹੈ ?

ਉੱਤਰ	: ਸਿਲੈਕਸ਼ਨ ਸੂਚੀ ਨੂੰ ਸਿਲੈਕਸ਼ਨ ਲਿਸਟ ਵੀ ਕਿਹਾ ਜਾਂਦਾ ਹੈ। ਇਸ ਦੀ ਵਰਤੋਂ ਨਾਲ ਯੂਜ਼ਰ ਲਿਸਟ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਆਪਸ਼ਨਾਂ ਦੀ ਚੋਣ ਕਰ ਸਕਦਾ ਹੈ। **HTML** ਵਿੱਚ ਸਿਲੈਕਸ਼ਨ ਲਿਸਟ ਬਣਾਉਣ ਲਈ **<Select>** ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਇਹ <Select> ਨਾਲ ਸ਼ੁਰੂ ਹੁੰਦਾ ਹੈ ਅਤੇ </Select> ਨਾਲ ਖਤਮ ਹੁੰਦਾ ਹੈ। ਇਸ ਵਿੱਚ ਆਪਸ਼ਨ ਦੀ ਚੋਣ ਦੇਣ ਲਈ <Option> ਟੈਗ ਵਰਤਿਆ ਜਾਂਦਾ ਹੈ। ਉਦਾਹਰਣ –

```
<Select name=”gender”>
        <Option value=”Male”> Male </Option>
        <Option value=”Female”> Female </Option>
</Select>
```

## ਗ)	ਟੈਕਸਟ ਏਰੀਆ ਦੀ ਵਿਆਖਿਆ ਕਰੋ।

ਉੱਤਰ	: ਟੈਕਸਟ ਏਰੀਆ ਫਾਰਮ ਦਾ ਇੱਕ ਮਹੱਤਵਪੂਰਨ ਐਲੀਮੈਂਟ ਹੁੰਦਾ ਹੈ। ਇਸ ਦੀ ਵਰਤੋਂ ਯੂਜ਼ਰ ਤੋਂ ਟੈਕਸਟ ਦੀਆਂ ਬਹੁਤੀਆਂ ਲਾਈਨਾਂ ਇਨਪੁੱਟ ਕਰਵਾਉਣ ਲਈ ਕੀਤੀ ਜਾਂਦੀ ਹੈ। ਟੈਕਸਟ ਏਰੀਆ ਦੀ ਵਰਤੋਂ ਲਈ <form> ਟੈਗ ਵਿੱਚ <textarea> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਇੱਕ ਕੰਟੇਨਰ ਟੈਗ ਹੈ। ਇਸ ਦੇ ਦੋ ਐਟਰੀਬਿਊਟ ਹਨ-rows ਐਟਰੀਬਿਊਟ ਟੈਕਸਟ ਏਰੀਆ ਵਿੱਚ ਟੈਕਸਟ ਦੀਆਂ ਲਾਈਨਾਂ ਦੀ ਗਿਣਤੀ ਨੂੰ ਪਰਭਾਸ਼ਿਤ ਕਰਦਾ ਹੈ ਅਤੇ cols ਐਟਰੀਬਿਊਟ ਟੈਕਸਟ ਏਰੀਆ ਵਿੱਚ ਟੈਕਸਟ ਦੇ ਕਾਲਮਾਂ ਦੀ ਗਿਣਤੀ ਨੂੰ ਪਰਭਾਸ਼ਿਤ ਕਰਦਾ ਹੈ

```
        <form action=page1.php method=”Post”>
                <textarea rows=3 cols=50>
                </textarea>
        </form>
```

## ਘ)	ਫਾਰਮ ਵਿੱਚ ਕਾਰਵਾਈ (Action) ਅਤੇ ਵਿਧੀ (Method) ਦਾ ਕੀ ਉਦੇਸ਼ ਹੁੰਦਾ ਹੈ ?

ਉੱਤਰ	: ਫਾਰਮ ਰਾਹੀਂ ਯੂਜ਼ਰ ਵੈਬਸਾਈਟ ਨੂੰ ਭੇਜੀ ਜਾਣ ਵਾਲੀ ਸੂਚਨਾ ਇਨਪੁੱਟ ਕਰਦਾ ਹੈ। ਵੈਬਪੇਜ਼ ਵਿੱਚ ਫਾਰਮ ਬਣਾਉਣ ਲਈ <form> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਸ ਟੈਗ ਵਿੱਚ ਦੋ ਐਟਰੀਬਿਊਟ ਵਰਤੇ ਜਾਂਦੇ ਹਨ action ਅਤੇ Method, ਜਿਨ੍ਹਾਂ ਦੀ ਵਰਤੋਂ ਨਾਲ ਸੂਚਨਾ ਵੈਬ ਸਰਵਰ ਨੂੰ ਭੇਜੀ ਜਾਂਦੀ ਹੈ। ਫਾਰਮ ਦੇ action ਐਟਰੀਬਿਊਟ ਵਿੱਚ ਉਸ ਫਾਈਲ ਦਾ ਨਾਮ ਲਿਖਿਆ ਜਾਂਦਾ ਹੈ,ਜੋ ਸਰਵਰ ਉਪਰ ਫਾਰਮ ਡਾਟਾ ਨੂੰ ਪ੍ਰੋਸੈਸ ਕਰਨ ਦਾ ਕੰਮ ਕਰਦੀ ਹੈ। ਫਾਰਮ ਦਾ Method ਐਟਰੀਬਿਊਟ, ਫਾਰਮ ਨੂੰ ਸਰਵਰ ਉਪਰ ਪ੍ਰਾਪਤ ਕਰਨ ਦੀ ਵਿਧੀ ਦਰਸਾਉਂਦਾ ਹੈ। ਇਸ ਦੇ ਐਟਰੀਬਿਊਟ ਦਾ ਮੁੱਲ Get ਜਾਂ Post ਹੁੰਦਾ ਹੈ। ਹੇਠਾਂ ਦਿੱਤੀ ਉਦਾਹਰਣ ਇਹਨਾਂ ਐਟਰੀਬਿਊਟਸ ਦੀ ਵਰਤੋਂ ਨੂੰ ਦਰਸਾਉਂਦਾ ਹੈ :-

```
        <form action=page1.php method=”Post”>
                <input type=”text” name=”User”>
                <input type=”reset” value=”Reset”>
                <input type=”submit” value=”Submit”>
        </form>
```